# ਅਰਥਾਂ ਦੀ ਕਤਾਰ



ਬੀਰਪਾਲ ਸਿੱਧੂ ਔਲਖ     ਆਜ਼ਾਦ ਪਰਿੰਦਾ     ਸੁਖਦੀਪ

# ਤਤਕਰਾ


| ਲੜੀ ਨੰਬਰ | ਲੇਖਕ ਦਾ ਨਾਮ |
|---|---|
| 1. | ਆਜ਼ਾਦ ਪਰਿੰਦਾ |
| 2. | ਵੀਰਪਾਲ ਸਿੱਧੂ ਮੌੜ |
| 3. | ਸੁਖਦੀਪ ਸਿੰਘ ਰਾਏਪੁਰ |

**ਅਲਫ਼ਾਂ ਦੀ ਕਤਾਰ**

**ਆਜ਼ਾਦ ਪਰਿੰਦਾ**

**ਕਵਿਤਾਵਾਂ**

## 1.ਉਡੀਕ

ਮੈਨੂੰ ਉਡੀਕ ਸੀ ਤੇਰੇ ਸਵਾਲਾਂ ਦੀ.....
ਬਿਨਾਂ ਸਵਾਲ ਤੋਂ ਜਵਾਬ ਕਿਵੇਂ ਦਵਾਂ...???

***

## 2.ਅਣਜਾਣ

ਮੇਰੇ ਮੁੜਕੇ 'ਚ ਭਿੱਜੀ....
ਤੇਰੇ ਸਾਹਾਂ ਦੀ ਖੁਸ਼ਬੋ...
ਮੈਨੂੰ ਇਸ ਦੁਨੀਆਂ ਤੋਂ...
ਦੂਰ ਲੈ ਜਾਂਦੀ ਏ....!
ਸਭ ਕੁਝ ਜਾਣ ਕੇ ਵੀ...
ਅਣਜਾਣ ਹਾਂ ਮੈਂ ....!
ਹਰ ਪਲ ਤੇਰੀ....

ਗੁਨਾਹਗਾਰ ਹਾਂ ਮੈਂ...!
ਤੇਰੀ ਮੁਹੱਬਤ ਤੋਂ ਵਾਕਿਫ ਹਾਂ...
ਪਰ ਆਪਣੀ ਤੋਂ ਅਣਜਾਣ ਹਾਂ ਮੈਂ....??

***

## 3.ਤੇਰੇ ਲਈ

ਮੈਂ ਦੂਰ ਹਾਂ ਤੇਰੇ ਤੋਂ...
ਤੇਰੇ ਲਈ ਤੇ ਮੇਰੇ ਲਈ.... !
ਰੋਏ ਹਾਂ ਦੋਵੇਂ ...
ਮੈਂ ਤੇਰੇ ਲਈ ਤੇ ਤੂੰ ਮੇਰੇ ਲਈ.... !
ਫਸਿਆਂ ਹਾਂ ਜਾਲ ਵਿੱਚ....
ਆਜ਼ਾਦ ਨਾ ਹੋ ਪਾਇਆ ਤੇਰੇ ਲਈ....!
ਕਹਿ ਤਾਂ ਸਕਦਾ ਹਾਂ ਪਰ ਸਮਝ ਨਹੀ....
ਸਮਝਿਆ ਹਾਂ ਹੁਣ ਪਰ ਹਿੰਮਤ ਨਹੀਂ.. !
ਕਿਵੇਂ ਦੱਸਾਂ ...ਤੂੰ ਹੀ ਦੱਸ
ਤੂੰ ਕੀ ਏ ਮੇਰੇ ਲਈ....?

ਇਕੱਲਾ ਹਾਂ ਕੋਈ ਸਮਝੇ ਨਾ...
ਤੂੰ ਹੀ ਮੈਨੂੰ ਹੱਲ ਦੱਸ.... !
ਜਾਣਦਾ ਹਾਂ ਸਮਝਦੀ ਏ..
ਮੈਨੂੰ ਜੀਣ ਦਾ ਵੱਲ ਦੱਸ....!
ਸਮਝਦਾਰ ਨਾ ਹੋ ਜਾਵਾਂ..
ਆਪਣੀ ਕੋਈ ਝੱਲ ਦੱਸ... !
ਕੀ ਨਾਦਾਨ ਹਾਂ ਮੈਂ ..

ਤੂੰ ਮੈਨੂੰ ਇਹ ਗੱਲ ਦੱਸ....!

ਸਖ਼ਤ ਹਾਂ ਉੱਤੋ -ਉੱਤੋ...
ਮੇਰੇ ਅੰਦਰ ਵੱਸਦਾ ਛੱਲ ਦੱਸ...!

ਸੁਪਨੇ ਜੋ ਟੁੱਟੇ ਮੇਰੇ...
ਮੇਰੇ ਸੁਪਨਿਆਂ ਨੂੰ ਦੇਵੇਂਗੀ ਕੱਲ ਦੱਸ..... !
ਚੱਲ ਛੱਡ ਏ ਸਭ...
ਤੂੰ ਆਪਣੀ ਗੱਲ ਦੱਸ...?

***

## 4. ਮੈਂ ਇੱਕ ਔਰਤ ਹਾਂ

ਮੈਂ ਇੱਕ ਔਰਤ ਹਾਂ......
ਕੀ ਮੈਂ.... ਸੱਚਮੁੱਚ ਸਿਰਫ ਔਰਤ ਹੀ ਹਾਂ.....?
ਇਸ ਤੋਂ ਇਲਾਵਾ ਹੋਰ ਕੁਝ ਵੀ ਨਹੀਂ.....?

ਹਾਂ ਤੂੰ ਔਰਤ ਏ....
ਸਿਰਫ ਇੱਕ ਔਰਤ .....
ਇਸ ਤੋਂ ਇਲਾਵਾ ਹੋਰ ਕੁਝ ਵੀ ਨਹੀਂ.....!

ਕਿ ਤੂੰ ਮਰਦ ਹੈ....
ਕਿ ਤੂੰ.. ਸੱਚਮੁੱਚ ਸਿਰਫ ਇੱਕ ਮਰਦ ਹੈ... ?
ਉਸ ਤੋਂ ਇਲਾਵਾ ਕੁਝ ਵੀ ਨਹੀਂ....?

ਹਾਂ ਮੈਂ ਮਰਦ ਹਾਂ ....
ਸਿਰਫ ਇੱਕ ਮਰਦ....
ਇਸ ਤੋਂ ਇਲਾਵਾ ਕੁਝ ਵੀ ਨਹੀਂ.....!

ਪਰ ਮੈਨੂੰ ਲੱਗਦਾ .....
ਆਪਾਂ ਇਨਸਾਨ ਹਾਂ .....
ਇਸ ਤੋਂ ਇਲਾਵਾ ਹੋਰ ਕੁਝ ਵੀ ਨਹੀਂ....!

## 5.ਤੇਰੀ ਯਾਦ

ਮੇਰਾ ਜਿਸਮ ਪਸੀਜਿਆ....' ਤੇ ਰੂਹ ਸਤਾਈ ਏ....!
ਅੱਜ ਅਰਸੇ ਬਾਅਦ ....'ਮੈਨੂੰ ਤੇਰੀ ਯਾਦ ਆਈ ਏ ....!
ਉਞ ਤੇ ਭੁੱਲੀ ਨੀ ਕਦੇ ਤੈਨੂੰ....,ਪਰ ਇਹ ਰੂਹ ਕੁਰਲਾਈ ਏ ....!
ਨਾ ਵੈਦ ..,ਨਾ ਇਲਾਜ਼ ...,ਇਹ ਸਭ ਤੇ ਭਾਰੀ ਏ....!
ਦੱਸ ਖਾਂ ਵੇ ਹਾਣੀਆਂ...., ਇਹ ਕੇਹੀ ਬਿਮਾਰੀ ਏ....?

ਕਿਵੇ ਦੱਸਾਂ ਤੈਨੂੰ ਸੋਣਿਏ ...ਇਹ ਬਿਮਾਰੀ ਨਈ ....,ਇਸ਼ਕ ਖੁਮਾਰੀ ਏ...!
ਜੋ ਚੜ ਜਾਵੇ ਤਾਂ ਲੱਥੇ ਨਾ...., ਇਹ ਭੂਤ ਕਿਆਰੀ ਏ ....!
ਸੁਣਿਆਂ ਹੈ ਮੈ ਲੋਕਾਂ ਤੋਂ...., ਇਹ ਬਾਹਲੀ ਮਾੜੀ ਏ...!
ਇੱਜਤ ...,ਅਦਬ ...,ਸੰਸਕਾਰ...., ਇਹ ਸਭ ਤੇ ਭਾਰੂ ਏ...!
ਸੁਣਲਾ ਮੇਰੀ ਸੋਣੀਏ..., ਤੂੰ ਇਸ਼ਕ ਦੀ ਮਾਰੀ ਏ...!

ਆਸ਼ਕਾ ਦੀ ਹਾਲਤ ਤਾਂ ਫੇਰ... ਬਾਹਲੀ ਮਾੜੀ ਏ...!

ਮੁਹੱਬਤ ਦੇ ਵਾਰਸਾਂ ਦੀ ....ਮੈ ਸੁਣੀ ਕਹਾਣੀ ਏ ....!
ਕੋਈ ਹੀਰ..., ਕੋਈ ਸੱਸੀ..,ਕੋਈ ਸੋਹਣੀ....,ਕੋਈ ਸਾਹਿਬਾ...ਮਨਹਾਰੀ ਏ....!
ਕਿਸੇ ਨੂੰ ਲੈ ਗਏ ਖੇੜੇ...., ਕੋਈ ਵਿੱਚ ਮਾਰੂਥਲ ਦੇ ਹਾਰੀ ਏ....!
ਕੋਈ ਹੋਈ ਝਨਾਬ ਨੂੰ ਪਿਆਰੀ....., ਤੇ ਕੋਈ...ਰਿਸ਼ਤਿਆਂ ਦੇ ਝੱਖੜ ਮੂਹਰੀ ਹਾਰੀ ਏ....!

ਦੱਸ ਖਾਂ ਵੇ ਹਾਣੀਆਂ ...ਕਿ ਇਹੀ ਇਸ਼ਕ ਖੁਮਾਰ ਏ....?

ਓਹ ਇਸ਼ਕ ਹਕੀਕੀ ਸੀ..., ਐਸੀ ਮੁਹੱਬਤ.. ਅੱਜ ਕੱਲ੍ਹ ਕਿੱਥੇ ਲੱਭਦੀ ਏ...!
ਅੱਜ ਕੱਲ ਦੇ ਰਿਸ਼ਤੇ ਤਾਂ...,ਜਿਸਮਾਂ ਮੁਕੱਦੇ ਵੇਖੇ ਨੇ...!
ਰੂਹਾਂ ਦੇ ਰਿਸ਼ਤੇ ਤਾਂ..., ਉਹ ਨਿਭਾ ਗਏ ਨੇ...!
ਮੁਹੱਬਤ ਦੇ ਰਿਸ਼ਤੇ ਨੂੰ...., ਇਬਾਦਤ ਬਣਾ ਗਏ ਨੇ...!
ਮੰਨਿਆਂ ਰਸਮਾਂ ਤੋਂ ਹਾਰ ਗਏ...., ਪਰ ਇਸ਼ਕ ਜਿੱਤਾ ਗਏ ਨੇ..!
ਮੁਹੱਬਤ ਦੇ ਪੈਗੰਬਰ..., ਆਪਣਾ ਫਰਜ਼ ਨਿਭਾ ਗਏ ਨੇ...!
ਸ਼ੁਕਰਗੁਜ਼ਾਰ ਹਾਂ ਉਹਨਾਂ ਦਾ..., ਜੋ ਇਸ਼ਕ ਸਿਖਾ ਗਏ ਨੇ....!
ਤੈਨੂੰ ਮੇਰੇ ਲਈ..., ਇਬਾਦਤ ਬਣਾ ਗਏ ਨੇ...!

***

## 6.ਸਮਝੌਤਾ

ਮੈਨੂੰ ਚਾਹੁੰਣਾ ਜਾਂ ਨਾ ਚਾਹੁੰਣਾ ..,
ਇਹ ਤਾਂ ਉਹਦੀ ਮਰਜ਼ੀ ਏ..।
ਉਹਨੂੰ ਛੱਡਣਾ ਜਾਂ ਨਾ ਛੱਡਣਾ..,

ਇਹ ਬਸ ਮੇਰੀ ਅਰਜ਼ੀ ਏ..।
ਇਸ਼ਕ ਗਵਾ ਕੇ ਇਸ਼ਕ ਕਮਾਉਣਾ..,
ਇਹ ਤਾਂ ਖੇਡ ਸਬਰ ਦੀ ਏ..।
ਯਾਰ ਮਨਾਉਣਾ ਖੁਦਾ ਨੂੰ ਪਾਉਣਾ..,
ਸਾਡੀ ਨਾ ਖੁਦਗਰਜ਼ੀ ਏ..।
ਕੁਝ ਸਮਝ ਨਾ ਆਉਣਾ ਸਭ ਭੁੱਲ ਜਾਣਾ..,
ਇਹ ਸਾਡੀ ਸਿਰ ਦਰਦੀ ਏ..।
ਹੱਸਣਾ ਰੋਣਾ ਗੁੱਸੇ ਹੋਣੇ ਫੇਰ ਮੰਨ ਜਾਣਾ..,
ਮੁਹੱਬਤ ਖੇਡ ਕਦਰ ਦੀ ਏ..।
ਭੁੱਲਣਾ ਉਹਨੂੰ ਵੱਸ ਨਾ ਮੇਰੇ..,
ਉਹਦੀ ਯਾਦ ਉਹਦੇ ਕੋਲ ਘੱਲਦੀ ਏ..।

***

## 7.ਕੋਈ ਕੀ ਕਹੇ

ਉਹ
ਆਵੇ ਤਾਂ ਲੱਖ ਸੱਜਦੇ ਕਰਾਂ...,
ਨਾ ਆਵੇ ਤਾਂ ਕੋਈ ਮਲਾਲ ਵੀ ਨਹੀ...!

***

## 8.ਕਿਰਨ

ਮੈਨੂੰ ਉਡੀਕ ਏ ਤੇਰੀ...,

ਤੇਰੇ ਪਰਤ ਆਉਣ ਤੱਕ..।

***

**9.ਆਸ**

ਤੇਰੇ ਆਉਣ ਨਾਲ..,
ਮੇਰੇ ਲਫਜਾਂ ਨੂੰ ਆਵਾਜ਼ ਮਿਲੇ..,
ਮਿਲੇ ਜਿਵੇਂ ਪਿਆਸੇ ਨੂੰ ਪਾਣੀ..,
ਜਿਵੇਂ ਸੁਰ ਨੂੰ ਕੋਈ ਸਾਜ ਮਿਲੇ ..।

***

**10.ਇਜ਼ਹਾਰ**

ਮੁਹੱਬਤ ਬੇਪਨਾਹ ਹੈ ਉਹਨੂੰ ...,
ਬਸ ਕਰ ਨੀ ਪਾਉਦਾ ਬਿਆਨ ਕਦੇ..

***

**11.ਅੱਜ ਕੱਲ੍ਹ**

ਉਹਦੇ ਤੇ ਮੇਰੇ ਵਿੱਚ ਹੁਣ ਅਕਸਰ..,
ਬਿਨਾਂ ਬੋਲੇ ਹੀ ਗੱਲਾਂ ਹੁੰਦੀਆਂ ਨੇ..,

***

**12.ਕੀ ਕਹਾਂ**

ਉਹ ਆਖਦਾ ਏ..,
ਸਮਾਂ ਤੂੰ ਬਰਬਾਦ ਨਾ ਕਰ ਮੇਰੇ ਲਈ..!
ਕਿਵੇਂ ਆਖਾ ਜੇ ਤੂੰ ਕੋਲ ਹੋਵੇ..,
ਤਾਂ ਪਲ ਅਕਸਰ ਰੁਕ ਜਾਂਦੇ ਨੇ..!

***

**13.ਤੈਨੂੰ ਪਤਾ**

ਮੈਂ ਆਵਾਜ਼ ਦਿਉ..,
ਤੇਰਾ ਦਰ ਨੀ ਖੜਕਾਉਦਾ..!
ਮੈਂ ਫਕੀਰ ਹਾਂ..,

ਭਿਖਾਰੀ ਨਹੀ..!

***

**14.ਹਾੜੇ**

ਮੇਰਾ ਸ਼ਹਿਰ ਛੱਡਣ ਦੀ ਝੱਲ ਵਿੱਚ..,
ਤੂੰ ਖੁਦ ਨੂੰ ਪਿੱਛੇ ਛੱਡ ਨਾ ਜਾਈ..!

***

**15.ਵਾਦਾ**

ਉਹ ਵਾਅਦਾ ਕਰਦਾ ਏ ..,
ਮੈਨੂੰ ਹਮੇਸ਼ਾਂ ਨਾਲ ਹੀ ਰੱਖੂ..।
ਮੈਂ ਜਾਣਦੀ ਹਾਂ ਉਹ ਬਸ..,
ਵਾਅਦੇ ਹੀ ਕਰਦੇ ਏ..।

***

**16.ਉਹ**

ਜਾ ਪਰੇ ਉਈ ਜਿਹਾ..,
ਐਵੇਂ ਨਾ ਤੰਗ ਕਰਿਆ ਕਰ..।
ਕਦੇ ਆਉਂਦਾ ਏ ਕਦੇ ਜਾਂਦਾ ਏ..,
ਕਦੇ ਨੇੜੇ- ਤੇੜੇ ਬਹਿ ਜਿਆ ਕਰ..।
ਕਦੇ ਆਪਣੀ ਵੀ ਸੁਣਾਜਾ ਤੂੰ..,
ਕਦੇ ਮੇਰੀ ਵੀ ਤੂੰ ਸੁਣਿਆ ਕਰ..।
ਮੈਂ ਬੈਠੀ ਤੈਨੂੰ ਉਡੀਕ ਦੀ ਆ..,
ਇਸ਼ਕੇ ਦੀਆਂ ਤੰਦਾਂ ਬੁਣਿਆ ਕਰ..।
ਤੇਰੇ ਅਲਫਾਂ ਨੂੰ ਮੈਂ ਬੁਣਦੀ ਆ..,
ਮੇਰੀ ਚੁੱਪ ਨੂੰ ਤੂੰ ਵੀ ਸੁਣਿਆਂ ਕਰ..।

***

## 17.ਫ਼ਰਕ

ਉਹ ਆਖਦਾ ਏ ..,
ਤੂੰ ਹੱਸਦੀ ਰਹਿ..।
ਤੇਰਾ ਹੱਸਣਾ ਮੇਰੇ ਸਾਰੇ ਗਮ..,
ਮੈਥੋਂ ਦੂਰ ਕਰ ਦਿੰਦੈ..।

ਮੈਂ ਹੱਸਦੀ ਆਂ..,
ਬਸ ਤੇਰੇ ਲਈ..।

***

## 18.ਅਖ਼ੀਰ

ਚੰਨ ਤਾਰਿਆਂ ਵਾਲੀ ਮੁਹੱਬਤ..,
ਮੈਨੂੰ ਤੇਰੇ ਨਾਲ ਨਹੀਂ..।
ਉਹ ਆਖਦਾ ਏ..,
ਸਾਹਾਂ ਜਿਹੀ ਮੁਹੱਬਤ ਮੈਨੂੰ ਤੇਰੇ ਨਾਲ ਏ..।
ਨਾ ਮੈਂ ਚੰਨ ਹਾਂ ਤੇਰਾ ..,
ਨਾ ਹੀ ਤੂੰ ਚਕੋਰ ਮੇਰੀ..।

ਅਸੀ ਦੋਵੇਂ ਹੀ ਇਨਸਾਨ ਹਾਂ ਬਸ..,
ਦਿਲ ਦੀ ਗੱਲ ਦਿਲ ਦੇ ਨਾਲ ਏ..।

ਪਹਿਲਾਂ ਪਿਆਰ ਤਾਂ ਪਤਾ ਨਹੀਂ..,
ਇਹ ਮੁਹੱਬਤ ਆਖਰੀ ਵਾਰ ਏ..।

***

**19.ਮਨ**

ਮੰਨਣ ਦੀ ਹੀ ਗੱਲ ਏ ਸਾਰੀ..,
ਜੋ ਮੇਰਾ ਸੀ ਉਹ ਮੇਰਾ ਹੀ ਏ..।
ਮੇਰੇ ਨਾਲ ਨਹੀਂ ਤਾਂ ਕਿ ਹੋਇਆ..,
ਮੇਰੇ ਅੰਦਰ ਮੇਰੇ ਕੋਲ ਸਹੀ..।

***

**20.ਖ਼ਾਲੀ ਹੱਥ**

ਉਹਨੂੰ ਵੇਖ ਕੇ ਜਿਓਣਾ ਸਿੱਖ ਮਨਾਂ..,
ਅਧਮੋਇਆ ਏ ਤਾਂ ਆਹੀ ਸਹੀ..।
ਮੋਇਆ ਤੋਂ ਹੱਸਣਾ ਸਿੱਖ ਮਨਾਂ..,
ਜੇ ਰੋਇਆ ਏ ਤੂੰ ਖੋਇਆ ਏ..,
ਤਾਂ ਖੁਦ ਨੂੰ ਪਾਉਣਾ ਸਿੱਖ ਮਨਾਂ..।

***

**21.ਹਾਲ**

ਤੈਨੂੰ ਖੋਇਆ ਏ..,
ਦਿਲ ਰੋਇਆ ਏ..।
ਸ਼ੁਕਰਗੁਜ਼ਾਰ ਹਾਂ ਤੇਰਾ..,
ਮੁਹੱਬਤ ਦਾ ਵੱਲ ਹੋਇਆ ਏ..।
ਤੂੰ ਨਾਲ ਨਹੀਂ ਤਾਂ ਕਿ ਹੋਇਆ..,
ਤੈਨੂੰ ਪਾ ਕੇ ਬੜਾ ਕੁਝ ਖੋਇਆ ਏ..।
ਮੁਕੰਮਲ ਤਾਂ ਨਹੀਂ ਹਾਂ..,
ਦਿਲ ਫੇਰ ਵੀ ਤੇਰਾ ਹੋਇਆ ਏ..।

***

**22.ਖ਼ਾਲੀ ਥਾਂ**

ਉਹਦੇ ਜਾਣ ਪਿੱਛੋਂ ਮੇਰਾ ਹਾਲ ਪੁੱਛੇ..,
ਏ ਹੱਕ ਕਿਸੇ ਨੂੰ ਦੇਵਾਂ ਨਾ..।
ਓ ਹੋਵੇ ਜਿੱਥੇ ਮਰਜੀ ਭਾਵੇਂ..,
ਉਹ ਕਿਸੇ ਦੀ ਨਾ ਜਾਤ ਪੁੱਛੇ..।
ਜਿਸਮ ਭਾਵੇਂ ਕਿਤੇ ਹੋਰ ਸਹੀ..,

ਪਰ ਰੂਹ ਤਾਂ ਮੇਰੇ ਨਾਲ ਖਿੱਚ
ਜੀਅ ਅਕਸਰ ਲਗ ਜਾਂਦੇ ਨੇ..,
ਪਰ ਕਮੀਆਂ ਪੂਰੀਆਂ ਹੁੰਦੀਆਂ ਨੀ..।

***

## 23.ਹੋ ਸਕਦਾ

ਜੀਅ ਅਕਸਰ ਲਗ ਜਾਂਦੇ ਨੇ..,
ਪਰ ਕਮੀਆਂ ਪੂਰੀਆਂ ਹੁੰਦੀਆਂ ਨੀ..।

***

## 24.ਤੂੰ

ਰੋਇਆ ਹਾਂ ਜੇ ਮੈਂ ਰਾਤਾਂ ਨੂੰ..,
ਜਾਹਿਰ ਹੈ ਸੋਇਆ ਉਹ ਵੀ ਨਹੀ..!

***

## 25.ਟੁੱਕੜੇ

ਮੈਂ ਜਾਣਦਾ ਹਾਂ..,
ਮੈਨੂੰ ਉਹਦੇ ਨਾਲ ਮੁਹੱਬਤ ਏ..।
ਉਹਨੂੰ ਵੀ ਸੀ ਮੇਰੇ ਨਾਲ..,
ਪਰ ਉਹ ਹੁਣ ਮੈਨੂੰ ਚਾਹੁੰਦੀ ਨੀ..।
ਪਰ ਇਸ ਦਾ ਮਤਲਬ ਇਹ ਤੇ ਨਹੀਂ..,
ਮੈਂ ਉਹਨੂੰ ਚਾਹੁੰਣਾ ਛੱਡ ਦਿਆਂ..??

***

## 26.ਉਹ

ਇਨਸਾਨ ਹਾਂ..,
ਟੁੱਟਿਆਂ ਹਾਂ..,
ਗਿਰ ਕੇ ਉੱਠਿਆ ਹਾਂ..,
ਅਧੂਰਾ ਹਾਂ ਤੇਰੇ ਬਿਨ .,
ਹਾਂ ਖੁਦ ਨੂੰ ਪੂਰਾ ਰਿਹਾ..,
ਸਿੱਖ ਰਿਹਾ ਹਾਂ ਨਵੀਆਂ ਚੀਜ਼ਾਂ..,
ਪਰ ਹਰ ਪਲ ਹਾਂ ਮਰ ਰਿਹਾਂ..।
ਉਹਦੇ ਨਾਮ ਬਿਨਾ ਅਧੂਰਾ ਹਾਂ..,
ਹਾਂ ਖੁਦ ਨੂੰ ਪੂਰਾ ਕਰ ਰਿਹਾ..।
ਮਿਟ ਨਹੀਂ ਸਕਦੇ ਇਹ ਜਖ਼ਮ..,
ਜੋ ਸੀਨੇ ਤੇ ਹਾਂ ਜਰ ਰਿਹਾ..।
ਭੁੱਲ ਨਹੀਂ ਸਕਦਾ ਤੈਨੂੰ ਮੈਂ..,
ਪਰ ਹਾਂ ਕੋਸ਼ਿਸ਼ ਕਰ ਰਿਹਾ..।
ਜੀਅ ਰਿਹਾ ਹਾਂ ਉੱਤੋ -ਉਤੋ..,
ਪਰ ਅੰਦਰੋਂ ਹਾਂ ਮਰ ਰਿਹਾ.

***

## 27.ਉਹ ਜਾਣਦੀ ਏ

ਮੇਰੇ ਤੇ ਉਹਦੇ ਰਿਸ਼ਤੇ ਨੂੰ..,
ਉਹ ਜਾਣਦੀ ਏ ਪਹਿਚਾਣ ਦੀ ਏ..।

ਪਾਸਾ ਵੱਟਿਆ ਏ..,
ਦਿਲੋਂ ਕੱਢਿਆ ਏ..,
ਦੁਨੀਆਂ ਦੀ ਜੇਲ੍ਹ ਵਿੱਚ ਛੱਡਿਆ ਏ..।

ਮੈਂਨੂੰ ਛੱਡ ਕੇ..,
ਮਾਫ ਕਰਕੇ..,
ਉਹਨੇ ਆਪਣੇ ਨਾਲੋਂ ਤੋੜਿਆ ਏ..।
ਇਸ ਦੁਨੀਆਂ ਨਾਲ ਮੈਨੂੰ ਜੋੜਿਆਂ ਏ..।

***

**ਅਲਫ਼ਾਂ ਦੀ ਕਤਾਰ**

**ਵੀਰਪਾਲ ਸਿੱਧੂ ਮੌੜ**

**ਕਵਿਤਾਵਾਂ**

## 1.ਮੁਹੱਬਤ

ਮੈਂ ਮੁਹੱਬਤ ਬੋਲਦੀ ਹਾਂ
ਹਾਂ ਉਹੀ ਮੁਹੱਬਤ
ਜੋ ਤੜਫ਼ਦੀ ਹਾਂ
ਭਟਕਦੀ ਹਾਂ
ਸਮਾਜ ਦੀਆਂ ਅੱਖਾਂ ਵਿੱਚ ਰੜਕਦੀ ਹਾਂ,,
ਹਾਂ ਮੈਂ ਮੁਹੱਬਤ ਬੋਲਦੀ ਹਾਂ
ਹਾਂ ਉਹੀ ਮੁਹੱਬਤ
ਦੋ ਬਹੁਤੇ ਵਾਰ ਸੂਲੀ ਚੜ੍ਹਦੀ ਹਾਂ
ਬਹੁਤੇ ਵਾਰ ਬਿਨਾਂ ਗੁਨਾਹ ਤੋਂ ਮਰਦੀ ਹਾਂ
ਬਹੁਤੇ ਵਾਰ ਮੈਂ ਚੁੱਪ ਹੋ ਜਾਂਦੀ ਹਾਂ
ਕਿਉਂਕਿ ਮੈਂ ਸਮਾਜ ਤੋਂ ਡਰਦੀ ਹਾਂ,,,
ਹਾਂ ਮੈਂ ਮੁਹੱਬਤ ਬੋਲਦੀ ਹਾਂ
ਹਾਂ ਉਹੀ ਮੁਹੱਬਤ
ਜੋ ਰੂਹਾਂ ਦੀ ਸੱਚੀ ਤੇ ਸੁੱਚੀ

## 2.ਪਾਕ ਤੇ ਪਵਿੱਤਰ

ਪਾਕ ਤੇ ਪਵਿੱਤਰ

ਕਈ ਵਾਰ ਦਰਵਾਜ਼ਿਆਂ ਤੇ ਖੜ ਹੀ ਮੁੜ ਜਾਂਦੀ ਹਾਂ
ਤੇ ਕਈ ਵਾਰ ਬਿਨਾਂ ਦੱਸਿਆ ਵੀ ਦਿਲਾਂ ਚ ਧੜਕਦੀ ਹਾਂ,,,
ਹਾਂ ਮੈਂ ਮੁਹੱਬਤ ਬੋਲਦੀ ਹਾਂ
ਹਾਂ ਉਹੀ ਮੁਹੱਬਤ
ਜੋ ਸਮਾਜ ਨਜ਼ਰਾਂ ਚ ਬੁਰੀ
ਤੇ ਪ੍ਰੇਮੀਆਂ ਦੀਆਂ ਨਜ਼ਰਾਂ ਚੰਗੀ ਲੱਗਦੀ ਹਾਂ
ਹਾਂ ਮੈਂ ਮੁਹੱਬਤ ਬੋਲਦੀ ਹਾਂ
ਹਾਂ ਉਹੀ ਮੁਹੱਬਤ
ਜੋ ਇੱਕ ਪਾਸੇ ਤਾਂ ਰੱਬ ਵਾਂਗ ਪੂਜੀ ਜਾਂਦੀ ਹੈ
ਤੇ ਦੂਜੇ ਪਾਸੇ ਗੰਡਾਸਿਆਂ ਨਾਲ ਵੱਢੀ ਜਾਂਦੀ ਹੈ
ਹਾਂ ਮੈਂ ਮੁਹੱਬਤ ਬੋਲਦੀ ਹਾਂ,,,

***

## 3.ਤੂੰ

ਤੂੰ ਆਖੀਂ ਨਾ ਉਹ ਅਲਫਾਜ਼
ਜੋ ਮੈਨੂੰ ਚੁੱਭ ਜਾਣ
ਤੈਨੂੰ ਪਤੈ
ਮੈਨੂੰ ਗੱਲ ਦਾ ਗੁੱਸਾ ਵੀ ਛੇਤੀ ਆਉਂਦੈ
ਪਰ ਤੂੰ ਕਦੇ ਇਦਾਂ ਦੀ ਗੱਲ ਵੀ ਨਾ ਕਰੀਂ
ਕਿ ਮੈਨੂੰ ਗੁੱਸਾ ਆਵੇ

ਪਰ ਹਾਂ ਸੱਚ

ਤੈਨੂੰ ਤਾਂ ਮੈਨੂੰ ਮਨਾਉਣਾ ਵੀ ਆਉਂਦੈ

ਪਰ ਇੱਕ ਗੱਲ ਹੋਰ

ਹੁਣ ਮੈਂ ਉਹ ਨਹੀਂ ਹਾਂ

ਜਿਸ ਨੂੰ ਤੂੰ ਜਾਣਦਾ ਸੀ

ਤੂੰ ਸਮਝ ਲਈ

ਜਿਸ ਨੂੰ ਤੂੰ ਜਾਣਦਾ ਸੀ

ਮੈਂ ਇਸ ਦੇ ਉਲਟ ਹਾਂ,,,

***

## 4.ਕੋਈ

ਜਦੋਂ ਫ਼ਕੀਰਾਂ ਵਰਗੇ ਲੋਕ ਆਪਣੀ ਜ਼ਿੰਦਗੀ ਚ ਆ ਜਾਣ

ਤਾਂ ਉਦੋਂ ਤਕਦੀਰਾਂ ਆਪੇ ਬਦਲਣ ਲੱਗ ਜਾਂਦੀਆਂ ਨੇ

ਜਦੋਂ ਫ਼ਕੀਰਾਂ ਵਰਗੇ ਲੋਕਾਂ ਦੀ ਮਿਹਰ ਹੋ ਜਾਵੇ

ਤਾਂ ਮਾੜੀਆਂ ਕਿਸਮਤਾਂ ਦੀਆਂ ਜ਼ੰਜੀਰਾਂ ਆਪੇ ਕੱਟ ਜਾਂਦੀਆਂ ਨੇ

ਰੱਬ ਸਿੱਧਾ ਨਹੀਂ ਆਉਂਦਾ ਧਰਤੀ ਤੇ

ਕਦੇ ਬੱਚਾ

ਕਦੇ ਬੁੱਢਾ

ਕਦੇ ਜੁਆਨ ਬਣ ਕੇ

ਕਦੇ ਕਦੇ ਫ਼ਕੀਰ ਬਣ ਕੇ

ਉਦੋਂ ਹੱਥ ਦੀਆਂ ਲਕੀਰਾਂ ਆਪੇ ਮਿਟ ਜਾਂਦੀਆਂ ਨੇ,,,,

***

## 5.ਚੁੱਪ ਹਾਂ

ਚੱਲ ਮੈਂ ਵੀ ਹੁਣ ਚੁੱਪ ਹਾਂ
ਇਸ ਮੁਹੱਬਤ ਦੇ ਸਿਲਸਿਲੇ ਚ
ਜਦ ਤੈਨੂੰ ਅਹਿਸਾਸ ਹੀ ਨਹੀਂ ਹੋਇਆ
ਮੇਰੀ ਮੁਹੱਬਤ ਦੇ ਸੇਕ ਦਾ
ਮੈਂ ਅਹਿਸਾਸ ਕਰਵਾ ਕੇ ਕੀ ਲੈਣਾ

ਚੱਲ ਮੈਂ ਵੀ ਹੁਣ ਚੁੱਪ ਹੀ ਹਾਂ
ਇਸ ਮੁਹੱਬਤ ਦੇ ਸਿਲਸਿਲੇ ਚ
ਜਦ ਤੈਨੂੰ ਲਿਹਾਜ਼ ਹੀ ਨਹੀਂ ਹੋਇਆ
ਮੇਰੀਆਂ ਮੁਹੱਬਤ ਦੀਆਂ ਬਾਤਾਂ ਦਾ
ਮੇਰੇ ਦਿਲ ਦੇ ਜਜਬਾਤਾਂ ਦਾ
ਚੱਲ ਮੈਂ ਵੀ ਹੁਣ ਚੁੱਪ ਹਾਂ
ਇਸ ਮੁਹੱਬਤ ਦੇ ਸਿਲਸਿਲੇ ਚ
ਜਦ ਤੇਰੇ ਤੋਂ ਕਹਿ ਨਹੀਂ ਹੋਇਆ
ਮੇਰੇ ਕੋਲ ਦੋ ਬਹਿ ਹੀ ਨਹੀਂ ਹੋਇਆ
ਚੱਲ ਮੈਂ ਵੀ ਹੁਣ ਚੁੱਪ ਹਾਂ
ਇਸ ਮੁਹੱਬਤ ਦੇ ਸਿਲਸਿਲੇ ਚ,,,

***

## 6.ਅਲਵਿਦਾ

ਇੱਕ ਸ਼ਬਦ ਸੀ ਅਲਵਿਦਾ
ਜੋ ਆਖਰੀ ਵਾਰ ਤੂੰ ਮੈਨੂੰ ਬੋਲਿਆ ਸੀ
ਬਹੁਤ ਕੁਝ ਸੀ ਆਪਣੇ ਵਿੱਚ
ਜੋ ਇੱਕ ਸ਼ਬਦ ਨੇ ਖ਼ਤਮ ਕਰ ਦਿੱਤਾ ਸੀ
ਹੁਣ ਮੈਂ ਕਦੇ ਕਦੇ ਸੋਚਦੀ ਹਾਂ
ਕਿੰਨਾ ਤਾਕਤਵਰ ਸ਼ਬਦ ਹੈ ਅਲਵਿਦਾ
ਜੋ ਇਹਨਾਂ ਕੁਝ ਇੱਕ ਵਾਰ ਚ ਹੀ ਖ਼ਤਮ ਕਰ ਦਿੰਦਾ ਹੈ
ਤੂੰ ਦੇਖ
ਕਈ ਵਾਰ ਅਲਵਿਦਾ ਜ਼ਿੰਦਗੀ ਖ਼ਤਮ ਹੋਣ ਤੇ ਬੋਲਿਆ ਜਾਂਦੈ
ਤੇ ਕਈ ਵਾਰ ਤੇਰੇ ਮੇਰੇ ਰਿਸ਼ਤੇ ਨੂੰ ਖ਼ਤਮ ਕਰਨ ਲਈ ਵੀ ਬੋਲਿਆ ਜਾਂਦਾ ਹੈ,,,

***

## ਤੁਪਕਾ

ਕਤਰਾ ਹਾਂ ਖ਼ੂਨ ਦਾ ਮੈਂ
ਕਦੇ ਸੱਟ ਵੱਜੀ ਤੋਂ
ਕਦੇ ਬਿਨਾਂ ਵਜ੍ਹਾ ਤੋਂ ਧਰਮਾਂ ਦੀ ਲੜਾਈ ਚ ਵਹਿ ਗਿਆ,
ਕਤਰਾ ਹਾਂ ਖ਼ੂਨ ਦਾ ਮੈਂ

ਜਦੋਂ ਪੂਰਾ ਹਾਂ ਮੈਂ
ਕੋਈ ਕੀਮਤ ਨਹੀਂ
ਜਦੋਂ ਘੱਟਦਾ ਹਾਂ
ਬਹੁਤ ਹਾਂ ਕੀਮਤੀ ਮੈਂ
ਘੱਟਦਾ ਖ਼ੂਨ ਦਾ ਇੱਕ ਕਤਰਾ ਕਹਿ ਗਿਆ,
ਕਤਰਾ ਹਾਂ ਖ਼ੂਨ ਦਾ ਮੈਂ
ਕੋਈ ਮਸ਼ੀਨ ਨਹੀਂ ਬਣਾਉਂਦੀ ਮੈਨੂੰ
ਮੈਂ ਪਾਣੀ ਨਾਲ ਵੀ ਸਰੀਰ ਚ ਰਹਿ ਗਿਆ ,
ਕਤਰਾ ਹਾਂ ਖ਼ੂਨ ਦਾ ਮੈਂ
ਹਾਂ ਤਾਂ ਮੈਂ ਸਭ ਦੇ ਵਿੱਚ ਇਕੋਂ ਜਿਹਾ
ਰੰਗ ਵੀ ਇਕੋਂ ਲਾਲ ਹੀ ਹੈ ਮੇਰਾ
ਫਿਰ ਵੀ ਜਾਤਾਂ ਪਾਤਾਂ ਧਰਮਾਂ ਚ ਬੰਦਾ ਵੰਡ ਮੈਨੂੰ ਵਹਿ ਗਿਆ,,,

ਕੁਝ ਰਿਸ਼ਤਿਆਂ ਦੇ ਨਾਂ ਮਜਬੂਰੀਆਂ ਵੀ ਹੁੰਦੇ ਨੇ
ਬਸ ਖਿਚਣੇ ਪੈਂਦੇ ਨੇ
ਹਵਾ ਨਿਕਲੀ ਗੱਡੀ ਦੀ ਤਰ੍ਹਾਂ
ਕਦੇ ਟੋਚਨ ਪਾ ਕੇ
ਕਦੇ ਇੱਕ ਦੂਜੇ ਦਾ ਸਹਾਰਾ ਲੈ ਕੇ,
ਹਾਂ ਕੁਝ ਰਿਸ਼ਤਿਆਂ ਦੇ ਨਾਂ ਮਜਬੂਰੀਆਂ ਵੀ ਹੁੰਦੇ ਨੇ
ਬਸ ਕੱਟਣੇ ਪੈਂਦੇ ਨੇ
ਕਦੇ ਕਿਸੇ ਅਸਹਿ ਸੰਤਾਪ ਦੀ ਤਰ੍ਹਾਂ
ਕਦੇ ਕਿਸੇ ਗਰੀਬ ਦੀ ਗਰੀਬੀ ਦੀ ਤਰ੍ਹਾਂ,
ਹਾਂ ਕੁਝ ਰਿਸ਼ਤਿਆਂ ਦੇ ਨਾਂ ਮਜਬੂਰੀਆਂ ਵੀ ਹੁੰਦੇ ਨੇ

ਬਸ ਝੱਲਣੇ ਪੈਂਦੇ ਨੇ
ਕਦੇ ਬੇਆਰਾਮ ਰੋਗ ਦੀ ਤਰ੍ਹਾਂ
ਕਦੇ ਲੱਤਾਂ ਕੱਟੇ ਸਰੀਰ ਦੀ ਤਰ੍ਹਾਂ
ਹਾਂ ਕੁਝ ਰਿਸ਼ਤਿਆਂ ਦੇ ਨਾਂ ਮਜਬੂਰੀਆਂ ਵੀ ਹੁੰਦੇ ਨੇ
ਬਸ ਸਹਿਣੇ ਪੈਂਦੇ ਨੇ
ਕਦੇ ਅੱਗ ਦੇ ਮੱਚੇ ਸਰੀਰ ਦੀ ਤਰ੍ਹਾਂ
ਕਦੇ ਬਿਨਾਂ ਵਜ੍ਹਾ ਦੀਆਂ ਝਿੜਕਾਂ ਦੀ ਤਰ੍ਹਾਂ,
ਹਾਂ ਕੁਝ ਰਿਸ਼ਤਿਆਂ ਦੇ ਨਾਂ ਮਜਬੂਰੀਆਂ ਵੀ ਹੁੰਦੇ ਨੇ
ਬਸ ਰੱਖਣੇ ਪੈਂਦੇ ਨੇ

ਚੁੰਨੀ ਦੇ ਲੜ ਬੰਨੇ ਪੰਜ ਰੁਪਇਆ ਦੀ ਤਰ੍ਹਾਂ
ਕਿਸੇ ਟੁੱਟੇ ਧਾਗੇ ਦੀ ਗੰਢ ਦੀ ਤਰ੍ਹਾਂ,
ਹਾਂ ਕੁਝ ਰਿਸ਼ਤਿਆਂ ਦੇ ਨਾਂ ਮਜਬੂਰੀਆਂ ਹੁੰਦੇ ਨੇ
ਬਸ ਸੰਭਾਲਣੇ ਪੈਂਦੇ ਨੇ
ਕਦੇ ਕਿਸੇ ਕੀਮਤੀ ਚੀਜ਼ ਦੀ ਤਰ੍ਹਾਂ
ਕਦੇ ਟੁੱਟਣ ਦੇ ਡਰ ਤੋਂ ਕੱਚ ਦੀ ਤਰ੍ਹਾਂ,
ਹਾਂ

***

## 7.ਤੈਨੂੰ ਪਤੈ

ਤੈਨੂੰ ਪਤੈ
ਮੈਨੂੰ ਹਾਲੇ ਵੀ ਕਈ ਵਾਰ ਤੇਰੇ ਹੀ ਸੁਪਨੇ ਆਉਂਦੇ ਨੇ
ਰਾਤ ਵੀ ਮੈਨੂੰ ਤੇਰਾ ਹੀ ਸੁਪਨਾ ਆਇਆ
ਜਿਵੇਂ ਕੋਈ ਗੈਰ ਮੇਰਾ ਹੱਥ ਫੜਨ ਦੀ ਕੋਸ਼ਿਸ਼ ਕਰ ਰਿਹਾ
ਤੇ ਮੈਂ ਆਪਣਾ ਹੱਥ ਛੜਵਾ ਲਿਆ
ਸ਼ਾਇਦ ਉਹ ਤੇਰੇ ਦੁਆਰਾ ਭੇਜਿਆ ਹੀ ਸੀ
ਉਹਨੇ ਫੋਨ ਲਗਾ ਕੇ ਕਿਹਾ
ਕਿ ਬਾਈ ਇਹ ਤਾਂ ਅੱਜ ਵੀ ਤੇਰੀ ਹੀ ਹੈ
ਮੈਂ ਇਸ ਗੱਲੋਂ ਹੈਰਾਨ ਸੀ
ਤੂੰ ਅੱਜ ਵੀ ਮੇਰੀ ਜਾਸੂਸੀ ਕਿਉਂ ਕਰਵਾ ਰਿਹੈ
ਤੇ ਤੂੰ ਉਹਦੇ ਹੀ ਫੋਨ ਤੋਂ ਮੈਨੂੰ ਕਿਹਾ ਮੈਂ ਕਲ ਆ ਰਿਹਾ
ਤੈਨੂੰ ਮਿਲਣ
ਮੇਰੀ ਜਦੋਂ ਅੱਖ ਖੁੱਲ੍ਹੀ ਤਾਂ ਅਜੀਬ ਲੱਗਿਆ
ਕੀ ਤੇਰੇ ਸੁਪਨੇ ਮੈਨੂੰ ਅੱਜ ਵੀ ਕਿਉਂ ਆਇਆ
ਫਿਰ ਦੂਜੇ ਪਲ ਚੇਤਾ ਆਇਆ
ਇਹ ਇੱਕ ਰਾਤ ਦਾ ਸੁਪਨਾ ਸੀ
ਉਹ ਦੋ ਤਿੰਨ ਸਾਲ ਦਾ ਸੁਪਨਾ ਸੀ,,,

***

## 8.ਉਹ ਸੱਚ

ਅੱਜ ਮੇਰੇ ਕੋਲ ਤੂੰ ਨਹੀਂ

ਤੇ ਤੇਰੇ ਕੋਲ ਮੈਂ ਨਹੀਂ
ਪਰ ਮੇਰੇ ਕੋਲ ਤਾਂ ਤੇਰੀਆਂ ਯਾਦਾਂ ਚੋਂ
ਨਿਕਲੀਆਂ ਅਲਫਾਜਾਂ ਦੀਆਂ ਕਤਾਰਾਂ ਨੇ
ਤੇਰੇ ਕੋਲ ਤਾਂ ਉਹ ਵੀ ਨਹੀਂ
ਵਕਤ ਭਾਵੇਂ ਬਹੁਤ ਅੱਗੇ ਨਿਕਲ ਗਿਆ
ਜੇ ਮਿਲੀਏ ਤਾਂ ਆਪਾਂ ਉਵੇਂ ਹੀ ਮਿਲਾਂਗੇ
ਖੈਰ ਆਪਾਂ ਹੁਣ ਮਿਲ ਕੇ ਵੀ ਕੀ ਕਰਾਂਗੇ
ਮੈਨੂੰ ਪਤੈ
ਤੇਰੇ ਦਿਲ ਚ ਵੀ ਹੁਣ ਮੇਰੇ ਲਈ ਮੋਹ ਨਹੀਂ
ਮੈਂ ਕਈ ਵਾਰ ਸੋਚਦੀ ਹਾਂ
ਕਿੰਨਾ ਫ਼ਰਕ ਪੈ ਜਾਂਦੈ
ਕੋਈ ਵਕਤ ਸੀ ਆਪਾਂ ਇੱਕ ਸੀ
ਅੱਜ ਤੂੰ ਵੀ ਉਹ ਨਹੀਂ
ਤੇ ਮੈਂ ਵੀ ਉਹ ਨਹੀਂ,,,

***

## 9.ਕਵਿੱਤਰੀ

ਮੈਂ ਕਵਿਤਾਵਾਂ ਲਿਖਦੀ ਹਾਂ
ਲੋਕ ਪੜ੍ਹ ਕੇ ਵਾਹ ਵਾਹ ਕਰਦੇ ਨੇ

ਮੈਂ ਉਦਾਸੀ ਲਿਖਦੀ ਹਾਂ

ਲੋਕ ਜਜ਼ਬਾਤ ਪੜਦੇ ਨੇ

ਲੋਕ ਕਹਿੰਦੇ ਨੇ

ਤੂੰ ਕਵਿਤਾਵਾਂ ਨੂੰ ਸਿਰਨਾਵਾਂ ਨਹੀਂ ਦਿੰਦੀ

ਤੂੰ ਦੱਸੀ

ਸਿਰਨਾਵਾਂ ਕਿਵੇਂ ਦੇਵਾਂ

ਜਦੋਂ ਕਵਿਤਾਵਾਂ ਹੀ ਸਾਰੀਆਂ ਤੇਰੇ ਨਾਂ ਤੇ ਨੇ

ਤੇ ਲੋਕ ਤੇਰੇ ਨਾਂ ਤੋਂ ਸੜਦੇ ਨੇ,,,

***

**10.ਮੁਲਾਕਾਤ**

ਨਾ ਕੋਈ ਸਮਝਣ ਵਾਲਾ ਮਿਲਿਆ

ਨਾ ਕੋਈ ਸਮਝਾਉਣ ਮਿਲਿਆ

ਸੀਨੇ ਦੀ ਸੁਲਘਦੀ ਅੱਗ ਸੀ

ਮੈਂ ਆਪੇ ਧੁਖ ਧੁਖ ਮਰੀ ਇਸ ਅੱਗ ਅੰਦਰ

ਨਾ ਕੋਈ ਬੁਝਾਉਣ ਵਾਲਾ ਮਿਲਿਆ

ਕਿਝ ਦੱਸਾਂ ਦੁੱਖ ਆਪਣਾ ਮੈਂ ਕਿਸੇ ਨੂੰ

ਇੱਥੇ ਹੱਕ ਜਤਾਉਣ ਵਾਲੇ ਬਹੁਤੇ ਮਿਲ਼ੇ

ਪਰ ਦੁੱਖ ਵੰਡਾਵਣ ਵਾਲਾ ਕੋਈ ਨਾ ਮਿਲਿਆ,,

***

## 11.ਵੱਡਾ ਪਲ

ਉਹਨਾਂ ਕਿਹਾ ਆਪਾਂ ਮਿਲਦੇ ਹਾਂ
ਮੈਂ ਕਿਹਾ ਠੀਕ,
ਮੈਂ ਰੂਹਾਂ ਤੋਂ ਮਿਲਣ ਦੀ ਆਸ ਰੱਖੀ
ਉਹ ਤੋਹਫ਼ਿਆਂ ਤੇ ਆ ਅਟਕ ਗਏ,
ਜਦ ਉਹਨਾਂ ਕਿਹਾ ਮਿਲਣ ਦਾ ਤੋਹਫ਼ਾ
ਮੈਂ ਕਿਹਾ ਮੈਂ ਖੁਦ ਹੀ ਤੋਹਫ਼ਾ ਹਾਂ,
ਉਹਨਾਂ ਕਿਹਾ ਨਹੀਂ

ਮਿਲਣ ਤੋਂ ਬਾਅਦ ਦੀ ਕੋਈ ਨਿਸ਼ਾਨੀ ਹੋਣੀ ਚਾਹੀਦੀ ਹੈ,
ਮੈਂ ਕਿਹਾ ਮੇਰੀ ਯਾਦ ਨਿਸ਼ਾਨੀ ਹੀ ਹੈ
ਉਹਨਾਂ ਕਿਹਾ ਨਹੀਂ
ਯਾਦ ਕਰਨ ਲਈ ਕੋਈ ਚੀਜ਼ ਦਾ ਬਹਾਨਾ ਚਾਹੀਦਾ,
ਮੈਂ ਕਿਹਾ ਮੁਹੱਬਤ ਨਿਸ਼ਾਨੀ ਨਾਲ ਹੁੰਦੀ ਹੈ
ਉਹਨਾਂ ਕਿਹਾ ਮੁਹੱਬਤ ਜਿਤਾਉਣ ਦਾ ਤੋਹਫ਼ਾ ਇੱਕ ਤਰੀਕਾ ਹੁੰਦੈ,
ਮੈਂ ਕਿਹਾ ਮੁਹੱਬਤ ਦੇ ਵੀ ਤਰੀਕੇ ਹੁੰਦੇ ਨੇ
ਉਹਨਾਂ ਕਿਹਾ ਇਹ ਤਾਂ ਇੱਕ ਦੂਜੇ ਨੂੰ ਕੁਝ ਦੇਣ ਦੇ ਬਹਾਨੇ ਹੁੰਦੇ ਨੇ,
ਮੈਂ ਕਿਹਾ ਫਿਰ ਇਹ ਮੁਹੱਬਤ ਨਹੀਂ
ਲੱਗਦੈ ਮੁਹੱਬਤ ਦੇ ਨਾਂ ਤੇ ਦਿਖਾਵੇ ਹੁੰਦੇ ਨੇ
ਉਹਨਾਂ ਕਿਹਾ ਪਤਾ ਨਹੀਂ ਪਰ ਮੁਹੱਬਤ ਚ ਤੋਹਫ਼ੇ ਦੇਣੇ ਵੀ ਜ਼ਰੂਰੀ ਹੁੰਦੇ ਨੇ,
ਮੈਂ ਕਿਹਾ ਮੁਹੱਬਤ ਤਾਂ ਕੁਝ ਲੈਣ ਦੀ ਆਸ ਹੀ ਨਹੀਂ ਰੱਖਦੀ
ਮੁਹੱਬਤ ਤਾਂ ਹਰ ਵਕਤ ਦੇਣ ਦੀ ਆਸ ਰੱਖਦੀ ਹੈ

ਉਹਨਾਂ ਕਿਹਾ ਰਿਸ਼ਤੇ ਨਿਭਾਉਣ ਲਈ ਸਭ ਜ਼ਰੂਰੀ ਹੁੰਦੇ ਨੇ,
ਮੈਂ ਕਿਹਾ ਮੁਹੱਬਤ ਰਿਸ਼ਤਿਆਂ ਚ ਤਾਂ ਬੰਨੀਂ ਹੀ ਨਹੀਂ
ਉਹਨਾਂ ਕਿਹਾ ਤੂੰ ਕਿਸ ਮੁਹੱਬਤ ਦੀ ਗੱਲ ਕਰਦੀ ਐ,
ਮੈਂ ਕਿਹਾ ਰੱਬ ਦੀ ਬੰਦਗੀ ਕਰਨ ਵਾਂਗ ਕੀਤੀ ਜਾਂਦੀ ਵਾਲੀ ਮੁਹੱਬਤ,

ਉਹਨਾਂ ਕਿਹਾ ਉਹ ਮੁਹੱਬਤ ਅੱਜ ਕੱਲ੍ਹ ਨਹੀਂ ਮਿਲਦੀ,
ਮੈਂ ਪੁੱਛਿਆ ਅੱਜ ਕੱਲ੍ਹ ਮੁਹੱਬਤ ਵਿਕਦੀ ਹੈ?

ਉਹ ਅੱਗੇ ਕੁਝ ਨਹੀਂ ਬੋਲੇ ਬਸ ਚੁੱਪ ਹੋ ਗਇ◌ੇ,
ਮੈਂ ਵੀ ਕੁਝ ਨਾ ਬੋਲੀ ਬਸ ਸਮਝ ਕੇ ਹੀ ਚੁੱਪ ਹੋ ਗਈ,,,,

***

## 12.ਕਹਾਣੀ

ਅਣਜਾਣੇ ਵਿੱਚ ਮੈਂ ਉਹਦੇ ਵੱਲ ਦੇਖ ਲਿਆ ਸੀ
ਗ਼ਲਤੀ ਨਾਲ ਉਹਨੂੰ ਆਪਣਾ ਬਣਾ ਸੀ
ਉਹਨੂੰ ਕਹਿ ਵੀ ਨਾ ਹੋਇਆ
ਦਿਲ ਤੋਂ ਇਹ ਸਹਿ ਵੀ ਨਾ ਹੋਇਆ
ਕੀ ਸਜ਼ਾ ਦੇਵਾਂ ਦਿਲ ਆਪਣੇ ਨੂੰ
ਇਹ ਤਾਂ ਉਹਨੂੰ ਮੁਹੱਬਤ ਕਰ ਬੈਠਾ
ਪਰ ਅਫ਼ਸੋਸ ਉਹਨੂੰ ਅਹਿਸਾਸ ਵੀ ਨਾ ਹੋਇਆ,,,

***

## 13.ਕੁਝ

ਕੁਝ ਕਾਗਜ਼ ਸੀ ਮੇਰੀਆਂ ਲਿਖਤਾਂ ਦੇ
ਤੇ ਕੁਝ ਪੰਨੇ ਸੀ ਤੇਰੇ ਅਹਿਸਾਸ ਦੇ ਭਰੇ
ਜੋ ਤੇਰੇ ਨਾਂ ਦੀਆਂ ਲਿਖਤਾਂ ਨਾਲ ਬੰਨੇ ਸੀ
ਮੈਂ ਲਿਖਣਾ ਬਹੁਤ ਕੁਝ ਚਾਹਿਆ
ਪਰ ਲਿਖ ਨਾ ਸੀ ਹੋਰ ਕੁਝ ਵੀ ਤੇਰੇ ਨਾਂ ਤੋਂ ਸਵਾਏ
ਸ਼ਾਇਦ ਕਾਗਜ਼ ਤੇ ਕਲਮ ਤੇਰਾ ਲਿਖਣ ਲਈ ਹੀ ਮੰਨੇ ਸੀ
ਇਸ਼ਕ ਤੂੰ ਵੀ ਕੀਤਾ
ਇਸ਼ਕ ਮੈਂ ਵੀ ਕੀਤਾ
ਮੈਂ ਅੱਜ ਵੀ ਉਥੇ ਹੀ ਹਾਂ
ਤੂੰ ਅੱਗੇ ਲੰਘ ਗਿਆ
ਇੱਕ ਵਕਤ ਸੀ ਆਪਾਂ ਦੋਵੇਂ ਇਸ਼ਕ ਵਿੱਚ ਸੀ
ਅਜੀਬ ਸੀ ਨਸ਼ਾ ਮੁਹੱਬਤ ਦਾ
ਮੈਂ ਅੱਜ ਵੀ ਡੁੱਬੀ ਰਹਿੰਦੀ ਤੇਰੇ ਖਿਆਲਾਂ ਵਿੱਚ
ਇੱਕ ਵਕਤ ਦੋਵੇਂ ਹੀ ਇੱਕ ਦੂਜੇ ਦੇ ਰੰਗ ਵਿੱਚ ਰੰਗੇ ਸੀ,,,

***

# ਅਲਫ਼ਾਂ ਦੀ ਕਤਾਰ
# ਸੁਖਦੀਪ ਸਿੰਘ ਰਾਏਪੁਰ
# ਕਵਿਤਾਵਾਂ

## 1.ਬੇਅਰਥ

ਬਹੁਤ ਚੀਜ਼ਾਂ ਹੁੰਦੀਆਂ
ਜਿਹਨਾਂ ਦਾ ਕੋਈ ਅਰਥ ਨਹੀਂ ਹੁੰਦਾ

ਜਿਦਾਂ ਕਦੇ ਕਦੇ
ਅੱਖ ਵਿੱਚੋਂ
ਫੁੱਟ ਆਉਂਦਾ ਹੈ
ਆਪ ਮੁਹਾਰੇ ਪਾਣੀ
ਜਿਸਦਾ ਕੋਈ ਅਰਥ ਨਹੀਂ ਹੁੰਦਾ

ਕਦੇ ਕਦਾਈਂ
ਉੱਗ ਆਉਂਦਾ ਹੈ

ਕੱਚੀ ਛੱਤ ਤੇ ਘਾਹ
ਜਿਸਦਾ ਕੋਈ ਅਰਥ ਨਹੀਂ ਹੁੰਦਾ

ਕਦੇ ਕਦੇ
ਇੱਕਲਤਾ ਦਾ ਘੜਾ ਡੁੱਲਣ ਲੱਗਦਾ ਹੈ

ਸੁੰਨਤਾ ਦੀ ਹਵਾ ਬਣਕੇ
ਜਿਸਦਾ ਕੋਈ ਅਰਥ ਨਹੀਂ ਹੁੰਦਾ

ਜੇ ਤੂੰ ਚਾਹੇਂ
ਮੈਨੂੰ ਵੀ ਗਿਣ ਸਕਦੀ ਹੈ
ਬੇਅਰਥ ਚੀਜ਼ਾਂ ਵਿਚ
ਕਿਉਂਕਿ ਮੇਰਾ ਵੀ
ਤੇਰੇ ਬਿਨਾਂ ਤੋਂ
ਕੋਈ ਅਰਥ ਨਹੀਂ ਆ

***

## 2.ਕੌਣ ਸੀ

ਅੱਜ ਵੀ ਸੋਚਦਾ ਹਾਂ
ਜੋ ਕੱਲ੍ਹ ਸੋਚਦਾ ਸੀ
ਭਲਾਂ ਕੀ ਰਿਸ਼ਤਾ ਸੀ ਆਪਣਾ

ਜੋ ਪਲਾਂ ਵਿਚ ਹੀ
ਐਨਾ ਗੂੜ੍ਹਾ ਬਣ ਕੇ
ਟੁੱਟ ਗਿਆ ਤੇ
ਟੁੱਟ ਕੇ ਫ਼ੇਰ ਜੁੜ ਗਿਆ
ਤੇ ਫ਼ੇਰ ਟੁੱਟਿਆ ਤੇ ਫ਼ੇਰ
ਜੁੜ ਗਿਆ
ਤੇ ਜਦੋਂ ਫ਼ੇਰ ਟੁੱਟਿਆ
ਟੁੱਕੜੇ ਟੁੱਕੜੇ ਹੋ ਗਿਆ

ਮੈਂ ਵੀ ਬੜੀ ਕੋਸ਼ਿਸ਼ ਕਰੀ
ਬਿਲਕੁਲ ਤੇਰੇ ਵਾਂਗ
ਪਰ ਡੁੱਲ੍ਹਿਆ ਪਾਣੀ

ਮੁੜ ਰੇਤ ਤੋਂ ਕਿਵੇਂ
ਇੱਕਠਾ ਕਰੀਏ

ਉਹ ਤੇ ਆਪ ਪਿਆਸੀ ਸੀ

ਸਮਾ ਲਿਆ ਉਹਨੇ
ਅੱਖ ਨਹੀਂ ਝਪਕਣ ਦਿੱਤੀ
ਤੇ ਵੇਖ
ਤੇਰੇ ਵੀ ਕੁਝ ਸਾਰੇ ਨਾ ਰਿਹਾ

ਕੌਣ ਸੀ ਉਹ
ਰੇਤ ਵਰਗਾ
ਜੋ ਚੰਨ ਨੂੰ
ਆਪਣੇ ਵਿੱਚ
ਸਮਾ ਤੁਰ ਗਿਆ

***

**3.ਏਵੇਂ ਲੱਗਦਾ**

ਦਿਲ ਕਹਿੰਦਾ ਹੈ
ਰਗ ਰਗ ਵਿਚੋਂ ਆਵਾਜ਼ ਆਉਂਦੀ ਹੈ

ਐਦਾਂ ਲੱਗਦਾ
ਕਿਸੇ ਵੇਲ ਬੂਟੀ ਨੇ

ਮੇਰੇ ਅੰਦਰ
ਆਪਣੀਆਂ ਜੜ੍ਹਾਂ ਖਿਲਾਰ ਲਈਆਂ ਹੋਣ

ਏਵੇਂ ਲੱਗਦਾ

ਜਿਵੇਂ ਮੈਂ ,ਮੈਂ ਨਹੀਂ ਰਿਹਾ
ਮੇਰੇ ਅੰਦਰ ਉਹ ਵੇਲ
ਹੀ ਸਾਂਭ ਰਹੀ ਹੈ

ਨਾਲ਼ੇ ਖਾ ਰਹੀ ਹੈ
ਉਹਦੇ ਤੇ ਮੇਰੇ ਹਿੱਸੇ ਦੀਆਂ ਕਵਿਤਾਵਾਂ

ਜੋ ਮੈਂ ਸਾਡੇ ਵਿਛੜਨ ਤੋਂ
ਬਾਅਦ ਵਿਚ ਸੀ ਲਿਖਣੀਆਂ

***

**4.ਅੱਖ ਅੱਖਰ ਅਖ਼ੀਰ**

ਅਖ਼ੀਰ ਅੱਖਰ ਪੜ੍ਹ
ਅੱਖ ਭਰ ਆਉਂਦੀ ਹੈ
ਉਹਦੇ ਨਾਮ ਵਾਲ਼ੇ

ਕਿਉਂਕਿ ਬਿਲਕੁਲ ਜਵਾਂ
ਮਿਲ਼ਦੇ ਨੇ ਮੇਰੇ ਨਾਮ ਨਾਲ਼
ਭੋਰਾ ਵੀ ਫ਼ਰਕ ਨਹੀਂ ਆ

ਫ਼ਰਕ
ਬਸ ਜਿੰਨਾਂ ਵੀ ਹੈ

ਸਾਡੇ ਦੋਹਾਂ ਵਿਚ ਹੈ

***

## 5.ਪਤਾ ਨਹੀਂ

ਯਾਦ ਵੀ ਹੋਣਾ
ਜਾਂ ਨਹੀਂ
ਪਤਾ ਨਹੀਂ ਉਹਨੂੰ

ਕਿ ਉਹ ਵੀ ਸਮਾਂ ਸੀ
ਜਦੋਂ ਮੈਂ ਵੀ ਹੁੰਦਾ ਸੀ
ਪਤਾ ਨਹੀਂ

ਕਿੰਨਾਂ ਚੰਗਾ ਹੋਵੇਗਾ

ਜੇਕਰ ਉਹਨੂੰ ਵੀ ਫ਼ਿਕਰ ਹੋਵੇ
ਕਿ ਪਤਾ ਨਹੀਂ
ਕਿਵੇਂ ਹੋਵੇਗਾ

ਪਰ ਪਤਾ ਹੈ
ਇਹ ਕਿੱਥੇ ਹੋਵੇਗਾ

ਪਤਾ ਇਹ

ਉਮੀਦ ਬਹੁਤ ਚੰਦਰੀ ਹੈ
ਕਿਸੇ ਨੂੰ ਬੇਆਸ
ਮੋੜ ਤੇ ਆਸ ਦੇ ਕੇ

ਪੂਰੀ ਜ਼ਿੰਦਗੀ ਜੀਉਣ ਲਈ
ਖੜਾ ਕਰ ਦੇਂਦੀ ਹੈ

***

## 6.ਹਾਏ

ਛੱਪੜ ਦਾ ਪਾਣੀ ਜ਼ਹਿਰ ਸੀ
ਦੋ ਬੱਤਖਾਂ ਪਾਣੀ ਪੀ ਮਰ ਗਈਆਂ
ਮੈਂ ਵੇਖੀਆਂ ਆਪਣੀਆਂ ਅੱਖਾਂ ਨਾਲ
ਢਾਬ ਵੱਲ ਜਾਦੇ ਪਾਣੀ ਵਿਚ
ਜਾ ਰਹੀਆਂ ਸੀ ਪਾਣੀ ਉੱਪਰ ਤੈਰਦੀਆਂ
ਦੋ ਫਰਲਾਂਗ ਅਗਾਂਹ ਹੀ ਸਿਵੇ ਨੇ
ਕੋਈ ਨਹੀਂ ਆਵੇਗਾ
ਕੋਈ ਨਹੀਂ ਸੋਚੇਗਾ

ਇਹਨਾਂ ਦੇ ਸੰਸਕਾਰ ਬਾਰੇ

ਇਹ ਏਦਾਂ ਹੀ ਬਣ ਜਾਣਗੀਆਂ
ਰੇਤ ਦਾ ਹਿੱਸਾ ...

ਜਿਸ ਨੂੰ ਹਜ਼ਾਰਾਂ ਸਾਲਾਂ ਬਾਅਦ
ਮੇਰੇ ਵਰਗਾ ਮਨੁੱਖ ਹੀ
ਬੇਹੱਦ ਪਿਆਸ ਵਿਚ ਸੁੱਟੇਗਾ ਅੰਦਰ

***

**7.ਖ਼ਿਆਲ**

ਸੁਪਨਿਆਂ ਦੀ ਦੁਨੀਆਂ
ਤਬਾਹ ਕਰ
ਲੰਘ ਆਉਂਦੇ ਨੇ
ਤੇਰੇ ਖ਼ਿਆਲ

ਨਹੀਂ ਵੇਖਦੇ

ਦਿਨ ਹੈ ਜਾਂ ਰਾਤ
ਬਸ,ਆ ਬੈਠਦੇ ਨੇ
ਕੋਲ ਮੇਰੇ

ਆਉਂਦਿਆਂ ਸਾਰ ਹੀ
ਮੇਰੇ ਕੋਲੋਂ
ਤੇਰੇ ਬਾਰੇ ਪੁੱਛਦੇ ਨੇ
ਕਿੰਨੇ ਬੁਜ਼ਦਿਲ ਨੇ ਹਨਾਂ

ਸਭ ਜਾਣਦੇ ਨੇ
ਕਿ ਤੂੰ ਚਲੀ ਗਈ ਹੈ
ਮੇਰੇ ਦੁਨੀਆਂ ਤੋਂ ਦੂਰ
ਆਪਣੀਂ ਦੁਨੀਆਂ ਵਿੱਚ

ਫੇਰ ਵੀ ਪੁੱਛਦੇ ਨੇ
ਜਾਣ ਬੁੱਝ ਤੇਰੇ ਬਾਰੇ
ਪਤਾ ਨਹੀਂ
ਕਿਉਂ ਉਹਨਾਂ ਨੂੰ

ਅੱਜ ਵੀ ਵਿਖਦੀ ਹੈ।
ਕਾਲ਼ੀ ਕਾਲ਼ੀ ਘਟਾ ਦੇ ਮਗਰ
ਆਸ ਦੀ ਕਿਰਨ

ਇਹ ਤਾਂ ਉਹੀ ਜਾਣਦੇ ਨੇ
ਮੈਂ ਤਾਂ ਸਭ ਭੁੱਲ ਗਿਆ
ਤੇਰੇ ਚੱਲੇ ਜਾਣ ਪਿੱਛੋਂ

ਮੈਨੂੰ ਤੇ ਇਹ ਵੀ
ਲੋਕ ਆ ਦੱਸਦੇ ਨੇ
ਕਿ ਮੈਂ , ਮੈਂ ਵੀ ਹੁੰਦਾ ਸੀ ਕਦੇ

ਮੈਂ ਉਹਨਾਂ ਦੀ ਗੱਲ ਨੂੰ
ਅਸਚਰਜਤਾ ਨਾਲ ਵੇਖਣ ਲੱਗਦਾ
ਕਿ ਕੇਹੋ ਜਿਹੀ ਦੁਨੀਆਂ
ਬਿਨਾਂ ਦੱਸੇ
ਕਿਸੇ ਦਾ ਦਰਦ ਵੀ ਨਹੀਂ ਸਮਝਦੀ

ਉਹ ਭੁੱਲ ਗਿਆ
ਕੀ ਲੋੜ ਆ ਇਹ ਦੁਨੀਆਂ ਨੂੰ

ਜਦੋਂ ਤੇਰੀ ਆਪਣੀ ਦੁਨੀਆਂ
ਜੋ ਸਭ ਸਮਝਦੀ ਸੀ
ਉਹ ਤੇ ਤਬਾਹ ਕਰ ਤੁਰ ਗਈ

ਜਾਂਦੀ ਜਾਦੀ
ਕੁਝ ਸੁਪਨਿਆਂ ਦੀ
ਅੱਗ ਬਾਲ ਚੱਲੀ ਗਈ
ਅਤੇ ਕਹਿ ਗਈ
ਠੰਢ ਬਹੁਤ ਹੁੰਦੀ ਹੈ

ਆਹ ਮਹੀਨਿਆਂ ਵਿਚ
ਤੂੰ ਖਿਆਲਾਂ ਦੀ ਫੂਕ
ਮਾਰਦਾ ਰਹੀਂ
ਅੰਗਿਆਰ ਭੱਖਦੇ ਰਹਿਣਗੇ

***

## 7.ਤਤਪਰ

ਮਿੱਟੀ ਦੀ ਖ਼ੁਸ਼ਬੋ
ਕਦੋਂ ਇੱਤਰ ਵਾਂਗ
ਚੌਹ ਪਾਸੇ ਫ਼ੈਲ ਗਈ
ਪਤਾ ਹੀ ਨਾ ਲੱਗਿਆ

ਜਦੋਂ ਅੱਖ ਖੁੱਲ੍ਹੀ ਤਾਂ
ਰੋਹੀ ਵਿੱਚ ਖੜ੍ਹੇ
ਭੱਖੜੇ ਤੇ ਕੈਕਟਸ ਦੇ ਬੂਟੇ
ਤੁਰਨਾ ਸਿੱਖ ਗਏ ਸੀ

ਉੱਚੇ ਡੇਰੇ ਵੱਲੋਂ ਆਉਦੀ ਵਾ

ਵੱਖਰੇ ਰੌਣਕੀ ਮਜਾਜ ਨਾਲ਼
ਲੀਕਾਂ ਵਾਹੁੰਦੀ ਆਉਂਦੀ ਸੀ।

ਉਦੋਂ ਹੀ ਚੁਰਸਤੇ ਕੋਲੋਂ ਟੁੱਟਿਆ

ਨਹਿਰ ਦਾ ਬੰਨ੍ਹ
ਦੋ ਸੌ ਕਿੱਲਾ ਰਾਤੇ ਰਾਤ

ਵਿਸ਼ਵ ਯੁੱਧ ਵਾਂਗ ਫੈਲ ਗਿਆ

ਜਿੰਨਾਂ ਵਿੱਚੋਂ ਤਪਕ ਤਪਕ ਕਰਦੇ
ਰਕਤ ਦੇ ਛਿੱਟੇ ਆਖ਼ਰੀ ਅਰਦਾਸ ਵੀ ਨਾ ਕਰ ਸਕੇ

ਜਿਹਨੂੰ ਤੂੰ ਬੜੇ ਤਤਪਰ ਹੋ ਕੇ
ਪੁੱਛਦਾ ਸੈਂ...ਕਿ ਇਹ ਕੀ ਹੈ
ਉਹ ਵੱਡੀ ਅੰਬੋ ਦੇ ਚਿਹਰੇ ਦੀ
ਉਹ ਤੇਓੜੀ ਸੀ,
ਜੋ ਬਾਪੂ ਦੇ ਚੱਲੇ ਜਾਣ ਮਗਰੋਂ
ਸ਼ਰੀਕਾਂ ਨੇ ਆਪਣੇ ਹਥੌੜੇ ਵਰਗੇ ਹੱਥਾਂ ਨਾਲ
ਖ਼ੁਦ ਵਾਹੀ ਸੀ।

ਕਿੰਨਾ ਕੁ ਜਾਣੇਗਾ
ਉਹਦੇ ਬਾਰੇ
ਉਹ ਤਾਂ ਕਿਸੇ ਦਾ ਸਾਰ ਹੈ

ਜਿਸ ਦੇ ਇੱਕ ਕੰਢੇ ਤੋਂ
ਦੂਸਰੇ ਕੰਢੇ ਉੱਪਰ
ਪਹੁੰਚਦੀ ਪਹੁੰਚਦੀ
ਹਰ ਬੇੜੀ ਚਣਕਾ ਚੂਰ ਹੋ ਜਾਂਦੀ ਹੈ

**8.ਮੁਹੱਬਤ**

ਮੈਂ ਉਹਨੂੰ
ਐਨੀ ਮੁਹੱਬਤ ਦਿੱਤੀ
ਕਿ ਖ਼ੁਦ ਪੂਰੇ ਦਾ ਪੂਰਾ
ਖ਼ਾਲੀ ਹੋ ਗਿਆ

ਅਸਚਰਜਤਾ ਦੀ ਗੱਲ
ਪਤਾ ਕੀ ਹੈ।
ਉਹ ਮੇਰੀ ਮੁਹੱਬਤ ਨੂੰ ਵੇਖ
ਮੁਹੱਬਤ ਕਰਨਾ ਸਿੱਖ ਗਈ

ਅੰਤ

ਉਸਨੇ ਮੇਰੇ ਹਿੱਸੇ ਦੀ ਮੁਹੱਬਤ
ਕਿਸੇ ਹਿੱਸੇ ਪਾ ਦਿੱਤੀ
ਤੇ ਖ਼ੁਦ ਕਿਸੇ ਦੀ ਮੁਹੱਬਤ ਬਣ ਗਈ

***

**9.ਬੇਸਮਝ**

ਔਖ਼ਾ ਤਾਂ ਹੈ
ਪਰ ਹੁਣ ਆਦਤ ਬਣ ਗਈ

ਮੈਂ ਅੱਜ ਵੀ
ਆਪਣੇ ਆਪ ਨੂੰ
ਇਸ ਭਰਮ ਵਿਚ ਰੱਖਿਆ ਹੈ

ਕਿ ਪੈਂਤੀ ਦੇ ਅੱਖਰ
ਅਠਾਈ ਅੱਖਰੀਂ ਤੋਂ ਬਹੁਤ ਅੱਡ ਨੇ

ਪਰ ਇਹ ਲੋਕ ਤਾਂ ਬੇਸਮਝ ਨੇ

ਤੇਰੀ ਦਿੱਤੀ ਸਜ਼ਾ ਨੂੰ
ਪ੍ਰਸ਼ਾਦ ਸਮਝਦੇ ਨੇ
ਸਿਰ ਢੱਕ

ਬੁੱਕ ਵਿੱਚ ਫੜਨ ਨੂੰ ਬੋਲਦੇ ਨੇ
ਇਹ ਨਹੀਂ ਜਾਣਦੇ
ਮੁਹੱਬਤ ਤਾਂ ਬਸ ਇੱਕ ਨਾਲ ਹੀ ਹੁੰਦੀ ਹੈ

***

**10.ਕਿੱਸਾ**

ਨਾ ਰੀਝਾਂ ਲਾ ਕੇ **ਬੁਣਿਆ** ਹੁੰਦਾ ਜੇ
ਨਾਮ ਤੇਰਾ ਮੈਂ ਕਿਤੇ ਖੁਣਿਆ ਹੁੰਦਾ ਜੇ

ਬਿਲਕੁਲ ਸਾਫ਼ ਸੀ, ਧੁੱਪ ਦੀ ਕਿਰਨ ਵਰਗਾ
ਤੂੰ ਪਿਆਰ ਮੇਰਾ,ਪੁਣਨੀ ਪਾ ਕੇ ਪੁਣਿਆ ਹੁੰਦਾ ਜੇ

ਧੜਕਣ ਧੜਕਦੀ ਸੀ, ਤੇਰਾ ਹੀ ਤੇ ਲੈਦੀ ਸੀ ਨਾਮ
ਅਫਸੋਸ ਕਿੱਧਰੇ ਗ਼ੌਰ ਨਾਲ ਤੂੰ ਸੁਣਿਆ ਹੁੰਦਾ ਜੇ

ਹੋ ਜਾਣਾ ਸੀ ਸਭ ਤੋਂ ਅਮੀਰ ਮੈਂ,ਚਾਅ ਵੀ ਪੁੱਗ ਜਾਂਦੇ
ਰਾਹੀਆਂ ਨਾਲੋਂ ਚੰਗਾ, ਮੈਨੂੰ ਚੁਣਿਆ ਹੁੰਦਾ ਜੇ

***

## 11.ਯਾਦ

ਅੱਖਰਾਂ ਨੂੰ ਤੋੜ ਲਿਖੇਂ,ਯਾਦ ਮਰਜਾਣੀ ਦੀ
ਆਓ ਤੁਹਾਨੂੰ ਦੱਸੀਏ ਕਹਾਣੀ ਮੇਰੇ ਹਾਣੀ ਦੀ

ਕੋਲ਼ੋਂ ਭਾਵੇਂ ਦੂਰ ਹੈ, ਯਾਦਾਂ ਵਿਚ ਰਹਿੰਦੀ ਆ
ਨਵਿਆਂ ਤੋਂ ਚੰਗਾ ਸੀ ਮੈਂ,ਸਕੀਆਂ ਨੂੰ ਕਹਿੰਦੀ ਆ

ਪੁੱਟਦੀ ਹੈ ਪੱਬ ਅਕੇ, ਪਿਛਾਂਹ ਤੱਕ ਲਵਾਂ ਮੈਂ
ਤਸਵੀਰ ਹੀ ਮੰਗਾ ਦੇਵੋ, ਸਾਂਭ ਰੱਖ ਲਵਾਂ ਮੈਂ

ਮਿਲ਼ਦੀ ਸੀ ਸੋਚ ਭਾਵੇਂ, ਪਰ ਤੋੜ ਸੁੱਟ ਗਈ ਸੀ
ਸਾਡਾ ਉਹ ਗ਼ੁਲਾਬ ਭੱਖੜੇ ਲਈ ਮੋੜ ਸੁੱਟ ਗਈ ਸੀ

ਸੁਣਿਆ ਹੈ ਉਹ ਵੀ ਹੁਣ,ਰਹਿੰਦੀ ਅੱਖਰਾਂ ਨੂੰ ਜੋੜਦੀ
ਵਕਤਾਂ ਦੀ ਰੁੱਕੀ ਹੋਈ ਸੂਈ ਨੂੰ,ਧੱਕਿਆਂ ਨਾਲ ਤੋਰਦੀ

ਦਿਲ ਹੁੰਦਾ ਉਹੀ ਇੱਕ ਬਸ, ਰੁੱਤਾਂ ਬੌਹੜ ਆਉਂਦੀਆਂ
ਹਰ ਵੇਲ਼ੇ ਬਸ ਜੀਹਦੀਆਂ ਯਾਦਾਂ ਰਹਿਣ ਸਤਾਉਂਦੀਆਂ

ਡਾਇਰੀਆਂ ਦੇ ਪੰਨੇ ਜਿਹੀ, ਸਮਿਆਂ ਨਾਲ਼ ਢਲ ਗਈ

ਉੰਝ ਕਿੱਸਿਆਂ ਤੋਂ ਦੂਰ ਮੁਹੱਬਤ ਮੇਰੀ ਵੀ ਤੇ ਪਲ ਗਈ

***

**ਨੋਟ : ਅਲਫ਼ਾ ਦੀ ਕਤਾਰ , ਕੁਝ ਕਵਿਤਾਵਾਂ ਦੀ ਸਮੂਹ ਰਚਨਾ ਨੂੰ ਤੁਸੀਂ ਪ ੜਿਆ,ਇਸ ਬਾਰੇ ਆਪਣੇ ਵਿਚਾਰ ਜਰੂਰ ਸਾਂਝੇ ਕਰਨੇ ਜੀ ਅਤੇ ਇਸਦਾ ਅਗਲਾ ਭਾਗ ਅਤੇ ਇਹਨਾਂ ਲੇਖਕਾਂ ਦੁਆਰਾ ਲਿਖੀਆਂ ਹੋਰ ਰਚਨਾਵਾਂ ਨੂੰ ਪੜਨ ਲਈ ਤੁਸੀਂ ਹੇਠ ਲਿਖੇ ਨੰਬਰਾਂ ਉੱਪਰ ਮੈਸਜ਼ ਜਾਂ ਸੰਪਰਕ ਕਰ ਸਕ ਦੇ ਹੋ**


**ਆਜ਼ਾਦ ਪਰਿੰਦਾ**

**ਇੰਸਟਾਗ੍ਰਾਮ :Manisha9540**

**ਵੀਰਪਾਲ ਸਿੱਧੂ ਮੌੜ**

**6283154525**

**ਸੁਖਦੀਪ ਸਿੰਘ ਰਾਏਪੁਰ ( 8699633924 )**

**ਈ-ਮੇਲ : writersukhdeep@gmail.com**

**ਇੰਸਟਾਗ੍ਰਾਮ :im_ sukhdep**



Punjabi Library
YouTube
Channel
www.PunjabiLibrary.com




Search
Punjabi Library
App Store
App Store Preview
Punjabi Library
Tausif Ul Rahman
ਜੇ ਪੂਰਾ ਕਰਨਾ
ਖ਼ੁਆਬਾਂ ਨੂੰ
ਤਾਂ ਰੱਖਿਓ ਨਾਲ
ਕਿਤਾਬਾਂ ਨੂੰ
ਕਿ= ਕਿਰਦਾਰ
ਤਾ= ਤਾਕਤ
ਬ = ਬਰਾਬਰਤਾ
Painting Courtesy: Gurpreet Artist Bathinda
www.PunjabiLibrary.com
Search
Punjabi Library
Google Play
Android Preview
Punjabi Library -
books
ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com